# ਵਰਲਡ ਪੰਜਾਬੀ ਟਾਈਮਜ਼
WORLD PUNJABI TIMES
A Punjabi News Protal & Epaper From Winnipeg, Canada
Visit us at : www.worldpunjabitimes.com
Mob: 98772-46588, +1 (418) 887-0162

Epaper World Punjabi Times | 07 ਫਰਵਰੀ 2024 ਦਿਨ ਬੁੱਧਵਾਰ | ਈ-ਪੇਪਰ ਵਰਲਡ ਪੰਜਾਬੀ ਟਾਈਮਜ਼


## ਇਟਲੀ ਦੀ ਪਹਿਲੀ ਪੰਜਾਬਣ ਰਾਜਦੀਪ ਕੌਰ ਜਿਹੜੀ ਕਿ ਜੋਖ਼ਮ ਭਰੇ ਕੰਮ ਤੇਲ ਟੈਂਕਰ ਦੀ ਡਰਾਇਵਰ ਬਣ ਇਟਲੀ ਦੀਆਂ ਪ੍ਰਵਾਸੀ ਔਰਤਾਂ ਲਈ ਬਣ ਰਹੀ ਮਿਸਾਲ

### ਰੀਝਾਂ ਨੂੰ ਮਾਰ ਕੇ ਕੋਈ ਜਿਉਣਾ ਨਹੀਂ ਹੁੰਦਾ :-ਰਾਜਦੀਪ ਕੌਰ

ਵਰਲਡ ਪੰਜਾਬੀ ਟਾਈਮਜ਼ ਨਵਜੋਤ ਪਨੈਚ ਢੀਂਡਸਾ




ਮਿਲਾਨ, 7 ਫਰਵਰੀ : ਰੀਝਾਂ ਨੂੰ ਮਾਰ ਕੇ ਕੋਈ ਜਿਉਣਾ ਨਹੀਂ ਹੁੰਦਾ ਜੇਕਰ ਜਿੰਦਗੀ ਜਿਉਣੀ ਚਾਹੁੰਦੇ ਹੋ ਤਾਂ ਜੋ ਸੁਪਨੇ ਤੁਸੀ ਦੇਖਦੇ ਹੋ ਜਾਂ ਜਿਹੜੇ ਸੁਪਨੇ ਤੁਹਾਨੂੰ ਸੌਣ ਨਹੀਂ ਦਿੰਦੇ ਉਹਨਾਂ ਸੁਪਨਿਆਂ ਨੂੰ ਉਹਨਾਂ ਰੀਝਾਂ ਨੂੰ ਸੱਚ ਕਰਨ ,ਹਕੀਕਤ ਬਣਾਉਣ ਲਈ ਸੰਘਰਸ਼ ਕਰੋ ਹਾਲਾਤਾਂ ਨਾਲ ਆਪਣੇ ਆਪ ਨਾਲ ਤੇ ਦੁਨੀਆਂ ਨੂੰ ਦਿਖਾਓ ਕਿ ਜੇਕਰ ਇਨਸਾਨ ਦੇ ਇਰਾਦੇ ਬੁਲੰਦ ਤੇ ਦ੍ਰਿੜ ਹੋਣ ਤਾਂ ਦੁਨੀਆਂ ਵਿੱਚ ਕੋਈ ਵੀ ਕੰਮ ਅਸੰਭਵ ਨਹੀਂ ਹੁੰਦਾ।ਇਹ ਅਲਫਾਜ਼ ਹਨ ਪੰਜਾਬ ਦੀ ਉਸ ਧੀ ਦੇ ਜਿਹੜੀ ਕਿ ਪੰਜਾਬ ਦੇ ਜ਼ਿਲ੍ਹਾ ਫਤਿਹਗੜ੍ਹ ਸਾਹਿਬ ਦੇ ਪਿੰਡ ਨੰਦਪੁਰ ਕਲੌੜ ਵਿਖੇ ਸਿੱਖ ਪਰਿਵਾਰ ਦੇ ਸ: ਕਰਮ ਸਿੰਘ ਤੇ ਬੀਬੀ ਜਸਪਾਲ ਕੌਰ ਦੇ ਘਰ ਜਨਮੀ ਰਾਜਦੀਪ ਕੌਰ ।ਜਿਸ ਨੂੰ ਖੇਤੀ-ਬਾੜੀ ਨਾਲ ਸੰਬਧਤ ਮਸ਼ੀਨਰੀ ਚਲਾਉਣ ਦਾ ਸ਼ੌਕ ਬਚਪਨ ਤੋਂ ਹੀ ਸੀ ਇਸ ਸ਼ੌਕ ਨੇ ਉਸ ਨੂੰ ਅੱਜ ਇਟਲੀ ਦੀ ਪਹਿਲੀ ਅਜਿਹੀ ਪੰਜਾਬਣ ਬਣਾ ਦਿੱਤਾ ਹੈ ਜਿਹੜੀ ਲੰਬਾਰਦੀਆ,ਇਮਿਲੀਆ ਰੋਮਾਨਾ ਤੇ ਕਈ ਹੋਰ ਇਲਾਕਿਆਂ ਵਿੱਚ ਤੇਲ(ਪੈਟਰੋਲ,ਡੀਜ਼ਲ)ਦੇ ਟੈਂਕਰ ਦੀ ਡਰਾਇਵਰ ਬਣ ਪੈਟਰੋਲ ਪੰਪਾਂ ਉਪੱਰ ਤੇਲ ਦੀ ਸਪਲਾਈ ਪਹੁੰਚਾਉਣ ਦਾ ਜੋਖ਼ਮ ਭਰਿਆ ਕੰਮ ਕਰਦੀ ਹੈ ਜਦੋਂ ਕਿ ਇਸ ਖੇਤਰ ਵਿੱਚ ਖਤਰੇ ਵਾਲਾ ਕੰਮ ਹੋਣ ਕਾਰਨ ਇਟਾਲੀਅਨ ਕੁੜੀਆਂ ਨਾ ਦੇ ਬਰਾਬਰ ਹਨ।ਇਟਾਲੀਅਨ ਇੰਡੀਅਨ ਪ੍ਰੈੱਸ ਕਲੱਬ ਨਾਲ ਆਪਣੀ ਸੰਘਰਸ ਭਰੀ ਕਾਮਯਾਬੀ ਦੀ ਗੱਲ ਕਰਦਿਆਂ ਰਾਜਦੀਪ ਕੌਰ (ਜਿਹੜੀ ਕਿ ਹਰਜਿੰਦਰ ਸਿੰਘ ਨਾਲ ਵਿਆਹ ਕਰਵਾ ਸੰਨ 2006 ਵਿੱਚ ਇਟਲੀ ਆਈ)ਨੇ ਕਿਹਾ ਕਿ ਪਹਿਲਾ-ਪਹਿਲ ਉਸ ਨੇ ਫੈਕਟਰੀ ਵਿੱਚ ਕੰਮ ਕੀਤਾ ਫਿਰ ਹਸਪਤਾਲ ਵਿੱਚ ਵਾਰਡ ਸਹਿਯੋਗੀ ਵਜੋਂ ਵੀ ਸੇਵਾਵਾਂ ਦਿੱਤੀ ਪਰ ਉਸ ਨੂੰ ਉਹ ਸਕੂਨ ਨਹੀਂ ਮਿਲਿਆ ਜਿਹੜਾ ਕਿ ਉਹ ਕੁਝ ਵੱਖਰਾ ਕਰ ਹਾਸਿਲ ਕਰਨਾ ਚਾਹੁੰਦੀ ਸੀ ਫਿਰ ਉਸ ਨੇ ਸੋਸ਼ਲ ਮੀਡੀਏ ਉਪੱਰ ਕੈਨੇਡਾ ਦੀ ਇੱਕ ਕੁੜੀ ਨੂੰ ਟਰੱਕ ਚਲਾਉਂਦਿਆ ਦੇਖਿਆ ਬਸ ਫਿਰ ਕੀ ਸੀ ਰਾਜਦੀਪ ਕੌਰ ਨੂੰ ਮੰਜ਼ਿਲ ਮਿਲ ਗਈ ਉਸ ਨੇ ਕੈਨੇਡਾ ਦੀ ਪੰਜਾਬਣ ਨੂੰ ਆਪਣਾ ਮਾਰਗ ਦਰਸ਼ਕ ਮਨ ਟੱਰਕ ਡਰਾਇਵਰ ਬਣਨ ਲਈ ਨਵੀਆਂ ਪੁਲਾਂਘਾ ਪੁੱਟਣੀਆਂ ਸ਼ੁਰੂ ਕਰ ਦਿੱਤੀਆਂ ਇਸ ਖੇਤਰ ਵਿੱਚ ਚਾਹੇ ਉਸ ਨੂੰ ਕਾਫ਼ੀ ਸੰਘਰਸ਼ ਕਰਨਾ ਪਿਆ ਪਰ ਪਤੀ ਹਰਜਿੰਦਰ ਸਿੰਘ ਤੇ ਹੋਰ ਪਰਿਵਾਰ ਦੀਆਂ ਪ੍ਰੇਰਨਾਵਾਂ ਸੱਦਕੇ ਅੱਜ ਰਾਜਦੀਪ ਕੌਰ ਉਸ ਮੁਕਾਮ ਉਪੱਰ ਪਹੁੰਚ ਹੀ ਗਈ ਜਿਹੜਾ ਕਦੀਂ ਉਸ ਲਈ ਸਿਰਫ਼ ਸੁਪਨਾ ਸੀ ਤੇ ਉਹ ਇਟਲੀ ਦੀਆਂ ਪਰਵਾਸੀ ਔਰਤਾਂ ਲਈ ਕਾਮਯਾਬੀ ਦੀ ਇੱਕ ਮਿਸਾਲ ਹੈ।7 ਫਰਵਰੀ ਨੂੰ ਰਾਜਦੀਪ ਕੌਰ ਆਪਣਾ ਜਨਮ ਦਿਨ ਮਨਾਉਂਦੇ ਹੋਏ ਇਟਲੀ ਦੀਆਂ ਉਹਨਾਂ ਤਮਾਮ ਪੰਜਾਬਣਾਂ ਨੂੰ ਇਹ ਕਹਿਣਾ ਚਾਹੁੰਦੀ ਹੈ ਕਿ ਜਿੰਦਗੀ ਵਿੱਚ ਕਾਮਯਾਬ ਹੋਣ ਦਾ ਮੌਕਾ ਦੇਰ ਸਵੇਰ ਵਾਹਿਗੁਰੂ ਸਭ ਨੂੰ ਦਿੰਦਾ ਜਰੂਰ ਹੈ ਪਰ ਮਿਹਨਤ ,ਸੰਘਰਸ਼ ਤੇ ਬਲੁੰਦ ਇਰਾਦਿਆਂ ਨਾਲ ਹਾਸਿਲ ਕੀਤੀ ਕਾਮਯਾਬੀ ਦਾ ਕੀ ਆਨੰਦ ਹੈ ਇਹ ਉਹੀ ਸਮਝ ਸਕਦਾ ਜਿਸ ਨੇ ਬਿਨ੍ਹਾਂ ਰੁੱਕੇ ਬਿਨ੍ਹਾਂ ਝੁੱਕੇ ਹੱਡ ਭੰਨਵੀ ਮਿਹਨਤ ਕਰ ਕਾਮਯਾਬੀ ਹਾਸਿਲ ਕੀਤੀ ਹੋਵੇ।ਇਸ ਲਈ ਪੰਜਾਬ ਤੋਂ ਇਟਲੀ ਆਕੇ ਸੌਖਾ ਨਹੀਂ ਵੱਖਰੀ ਪਹਿਚਾਣ ਬਣਾਉਣੀ ਬਸ ਸੰਘਰਸ਼ ਤੇ ਮਿਹਨਤ ਕਰਦੇ ਰਹੋ ਅਕਾਲ ਪੁਰਖ ਸਭ ਨੂੰ ਬੁਲੰਦ ਬਖ਼ਸੇਗਾ ।ਰਾਜਦੀਪ ਕੌਰ ਦੀ ਕਈ ਸਾਲ ਕੀਤੀ ਮਿਹਨਤ ਦਾ ਵਕਤ ਨੇ ਅੱਜ ਮੁੱਲ ਪਾ ਦਿੱਤਾ ਹੈ ਤੇ ਬਾਕੀ ਉਹਨਾਂ ਸਭ ਪੰਜਾਬਣਾਂ ਨੂੰ ਵੀ ਕਾਮਯਾਬੀ ਜ਼ਰੂਰ ਮਿਲੇਗੀ ਜਿਹੜੀਆਂ ਕੁਝ ਵੱਖਰਾ ਕਰਨ ਦੇ ਸੁਪਨੇ ਦੇਖ ਦਿਨ-ਰਾਤ ਮਿਹਨਤ ਮੁਸ਼ੱਕਤ ਕਰ ਰਹੀਆਂ ਹਨ।ਜ਼ਿਕਰਯੋਗ ਹੈ ਇਸ ਸਮੇਂ ਇਟਲੀ ਵਿੱਚ ਭਾਰਤੀਆਂ ਦੀ ਕਾਮਯਾਬੀ ਦਾ ਜ਼ਿਕਰ ਹਰ ਖੇਤਰ ਵਿੱਚ ਜੋਰ ਫੜ੍ਹਦਾ ਜਾ ਰਿਹਾ ਹੈ ਜਿਹੜਾ ਕਿ ਚੰਗਾ ਸ਼ੰਗਨ ਮੰਨਿਆ ਜਾ ਰਿਹਾ ਹੈ ।ਹੁਣ ਉਹ ਦਿਨ ਦੂਰ ਨਹੀਂ ਜਦੋਂ ਅਮਰੀਕਾ-ਕਨੇਡਾ ਵਾਂਗਰ ਇਟਲੀ ਦੇ ਭਾਰਤੀਆਂ ਦਾ ਵੀ ਮਾਣਮੱਤਾ ਇਤਿਹਾਸ ਹੋਵੇਗਾ

## ਗੁਰਦੁਆਰਾ ਸਿੰਘ ਸਭਾ ਨੋਵਲਾਰਾ ਵਿਖੇ ਬਹੁਤ ਹੀ ਸ਼ਰਧਾ ਅਤੇ ਉਤਸ਼ਾਹ ਨਾਲ ਮਨਾਇਆ ਗਿਆ ਸੰਤ ਬਾਬਾ ਨਿਧਾਨ ਸਿੰਘ ਜੀ ਦਾ ਜਨਮ ਦਿਹਾੜਾ*

ਵਰਲਡ ਪੰਜਾਬੀ ਟਾਈਮਜ਼ ਨਵਜੋਤ ਪਨੈਚ ਢੀਂਡਸਾ

ਮਿਲਾਨ, 7 ਫਰਵਰੀ: ਗੁਰਦੁਆਰਾ ਸਿੰਘ ਸਭਾ ਨੋਵੇਲਾਰਾ ਵਿਖੇ ਬਾਬਾ ਨਿਧਾਨ ਸਿੰਘ ਜੀ ਸੇਵਾ ਸੋਸਾਇਟੀ ਅਤੇ ਇਲਾਕਾ ਨਿਵਾਸੀ ਸਾਧ ਸੰਗਤ ਦੇ ਸਹਿਯੋਗ ਨਾਲ ਬਾਬਾ ਗੁਰਮੀਤ ਸਿੰਘ ਜੀ ਨਡਾਲੋ ਵਾਲਿਆਂ ਦੀ ਰਹਿਨੁਮਾਈ ਹੇਠ ਸੰਤ ਬਾਬਾ ਨਿਧਾਨ ਸਿੰਘ ਜੀ ਨਡਾਲੋ ਵਾਲੇ ਹਜੂਰ ਸਾਹਿਬ ਵਾਲਿਆਂ ਦਾ ਜਨਮ ਦਿਹਾੜਾ ਬਹੁਤ ਹੀ ਸ਼ਰਧਾ ਭਾਵਨਾ ਅਤੇ ਉਤਸ਼ਾਹ ਨਾਲ ਮਨਾਇਆ ਗਿਆ। ਇਸ ਮੌਕੇ ਸ੍ਰੀ ਅਖੰਡ ਪਾਠ ਸਾਹਿਬ ਜੀ ਦੇ ਜਾਪ ਕਰਵਾਏ ਗਏ ਚਾਰ ਫਰਵਰੀ ਦਿਨ ਐਤਵਾਰ ਨੂੰ ਸਵੇਰ ਵੇਲੇ ਅਖੰਡ ਪਾਠ ਸਾਹਿਬ ਜੀ ਦੇ ਭੋਗ ਪਾਏ ਗਏ। ਦੀਵਾਨ ਦੀ ਆਰੰਭਤਾ ਵਿੱਚ ਗੁਰਦੁਆਰਾ ਸਾਹਿਬ ਦੇ ਬੱਚਿਆਂ ਵੱਲੋਂ ਸ਼ਬਦ ਕੀਰਤਨ ਦੀ ਹਾਜ਼ਰੀ ਭਰੀ ਗਈ। ਉਪਰੰਤ ਗੁਰਦੁਆਰਾ ਸਾਹਿਬ ਦੇ ਹੈਡ ਗ੍ਰੰਥੀ ਗਿਆਨੀ ਤਲਵਿੰਦਰ ਸਿੰਘ ਜੀ ਵੱਲੋਂ ਕਥਾ ਵਿਚਾਰ ਨਾਲ ਸੰਗਤਾਂ ਨੂੰ ਨਿਹਾਲ ਕੀਤਾ ਗਿਆ। ਗਿਆਨੀ ਜੀ ਨੇ ਕਥਾ ਦੌਰਾਨ ਦੱਸਿਆ ਕਿ ਬਾਬਾ ਜੀ ਦਾ ਜਨਮ 4 ਫਰਵਰੀ 1882 ਈਸਵੀ ਨੂੰ ਪਿੰਡ ਨਡਾਲੋ ਤਹਿਸੀਲ ਗੜਸ਼ੰਕਰ,ਜਿਲਾ ਹੁਸ਼ਿਆਰਪੁਰ ਵਿਖੇ ਹੋਇਆ। ਆਪ ਜੀ ਨੇ ਸ੍ਰੀ ਹਜੂਰ ਸਾਹਿਬ ਬਹੁਤ ਸਮਾਂ ਸੇਵਾ ਅਤੇ ਸਿਮਰਨ ਵਿੱਚ ਬਿਤਾਇਆ। ਆਪ ਜੀ ਨੂੰ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਪ੍ਰਤੱਖ ਦਰਸ਼ਨ ਹੋਏ ਅਤੇ ਗੁਰੂ ਸਾਹਿਬ ਨੇ ਆਪ ਜੀ ਨੂੰ ਵਰ ਦਿੱਤਾ "ਖੀਸਾ ਮੇਰਾ ਹੱਥ ਤੇਰਾ" ਜਿੱਥੇ ਆਪ ਜੀ ਸੇਵਾ ਕਰਦੇ ਸਨ। ਉੱਥੇ ਅੱਜ ਕੱਲ ਗੁਰਦੁਆਰਾ ਸਾਹਿਬ ਲੰਗਰ ਸਾਹਿਬ ਸੁਭਾਇਮਾਨ ਹੈ। ਇਸ ਵੇਲੇ ਆਪ ਜੀ ਦੀ ਜਗ੍ਹਾ ਬਾਬਾ ਬਲਵਿੰਦਰ ਸਿੰਘ ਅਤੇ ਬਾਬਾ ਨਰਿੰਦਰ ਸਿੰਘ ਜੀ ਸੇਵਾਵਾਂ ਨਿਭਾ ਰਹੇ ਹਨ। ਬਾਬਾ ਜੀ ਦੇ ਜੀਵਨ ਤੋਂ ਇਲਾਵਾ ਕਾਰ ਸੇਵਾ ਵਾਲੇ ਮਹਾਂਪੁਰਖਾਂ ਬਾਬਾ ਬੀਰਮ ਦਾਸ ਜੀ ਬਾਬਾ ਜੀ ਤੋਂ ਬਾਅਦ ਬਾਬਾ ਆਤਮਾ ਸਿੰਘ ਮੋਨੀ ਬਾਬਾ ਹਰਨਾਮ ਸਿੰਘ ਬਾਬਾ ਸ਼ੀਸ਼ਾ ਸਿੰਘ ਜੀ ਮਹਾਂਪੁਰਖਾਂ ਦੇ ਜੀਵਨ ਤੇ ਉਹਨਾਂ ਵੱਲੋਂ ਕੀਤੀਆਂ ਜਾਂਦੀਆਂ ਸੇਵਾਵਾਂ ਬਾਰੇ ਵੀ ਵਿਸਥਾਰ ਨਾਲ ਵਿਚਾਰ ਕੀਤੀ ਗਈ। ਉਪਰੰਤ ਸੰਗਤਾਂ ਨੇ ਸਤਿਨਾਮ ਵਾਹਿਗੁਰੂ ਦੇ ਜਾਪ ਕੀਤੇ। ਦੀਵਾਨ ਦੀ ਸਮਾਪਤੀ ਉਪਰੰਤ ਅਰਦਾਸ ਕਰਕੇ ਕੜਾਹ ਪ੍ਰਸ਼ਾਦ ਦੀ ਦੇਗ ਵਰਤਾਈ ਗਈ। ਬਾਬਾ ਜੀ ਦੇ ਜਨਮ ਦਿਹਾੜੇ ਨੂੰ ਲੈ ਕੇ ਸੰਗਤਾਂ ਵਿੱਚ ਭਾਰੀ ਉਤਸਾਹ ਸੀ ਅਤੇ ਉਹਨਾਂ ਨੇ ਮੰਤਰ ਮੁਕਧ ਹੋ ਕੇ ਕਥਾ ਵਿਚਾਰ ਸਰਵਣ ਕੀਤੇ। ਗੁਰੂ ਸਾਹਿਬ ਜੀ ਦੇ ਬਖਸ਼ਿਸ਼ ਕੀਤੇ ਭੰਡਾਰਿਆਂ ਵਿੱਚੋਂ ਗੁਰੂ ਕਾ ਲੰਗਰ ਅਤੁੱਟ ਵਰਤਾਇਆ ਗਿਆ।



## ਐਚਐਸਬੀਸੀ ਮਿਊਚੁਅਲ ਫੰਡ ਨੇ ਨਵੀਂ ਫੰਡ ਪੇਸ਼ਕਸ਼ (ਐਨਐਫਓ) ਐਚਐਸਬੀਸੀ ਮਲਟੀ ਅਸੇਟ ਐਲੋਕੇਸ਼ਨ ਫੰਡ (ਐਚਐਮਏਏਐਫ) ਪੇਸ਼ ਕੀਤੀ

### ਬੱਝੀ ਆਮਦਨ ਦੇ ਇੰਸਟਰੂਮੈਂਟਸ ਅਤੇ ਗੋਲਡ/ਸਿਲਵਰ ਈਟੀਐਫ 'ਚ ਨਿਵੇਸ਼

ਵਰਲਡ ਪੰਜਾਬੀ ਟਾਈਮਜ਼



ਚੰਡੀਗੜ੍ਹ, 7 ਫਰਵਰੀ : ਐਚਐਸਬੀਸੀ ਮਿਊਚੁਅਲ ਫੰਡ ਨੇ ਐਚਐਸਬੀਸੀ ਮਲਟੀ ਅਸੇਟ ਐਲੋਕੇਸ਼ਨ ਫੰਡ (ਐਚਐਮਏਏਐਫ) ਦੇ ਲਾਂਚ ਦਾ ਐਲਾਨ ਕੀਤਾ। ਇਹ ਇਕਵਿਟੀ ਅਤੇ ਇਕਵਿਟੀ ਨਾਲ ਸਬੰਧਤ ਇੰਸਟਰੂਮੈਂਟਸ, ਡੇਬਟ ਅਤੇ ਮਨੀ ਮਾਰਕੀਟ ਸਿਕਯੋਰਟੀਜ ਅਤੇ ਗੋਲਡ/ਸਿਲਵਰ ਈਟੀਐਫ 'ਚ ਨਿਵੇਸ਼ ਕਰਨ ਦੇ ਲਈ ਓਪਨ-ਐਂਡਡ ਯੋਜਨਾਂ ਹੈ। ਇਸ ਫੰਡ ਦਾ ਮਕਸਦ ਲੰਮੇਂ ਸਮੇਂ ਲਈ ਪੂੰਜੀ ਵਾਧਾ ਪ੍ਰਦਾਨ ਕਰਨਾ, ਅਸਥਿਰਤਾ ਘੱਟ ਕਰਨ 'ਚ ਮਦਦ ਕਰਨਾ ਅਤੇ ਵਿਭਿੰਨਤਾ ਲੈ ਕੇ ਆਉਣਾ ਹੈ। ਇਹ ਨਵੀਂ ਫੰਡ ਪੇਸ਼ਕਸ਼ (ਐਨਐਫਓ) 8 ਫਰਵਰੀ, 2024 ਨੂੰ ਖੁੱਲ੍ਹੇਗੀ ਅਤੇ 22 ਫਰਵਰੀ 2024 ਨੂੰ ਬੰਦ ਹੋਵੇਗੀ। ਇਸਦੇ ਬਾਅਦ 1 ਮਾਰਚ 2024 ਨੂੰ ਇਹ ਫਿਰ ਤੋਂ ਖੁੱਲ੍ਹੇਗੀ।

ਇਸ ਲਾਂਚ ਦੇ ਬਾਰੇ 'ਚ ਐਚਐਸਬੀਸੀ ਅਸੇਟ ਮੈਨੇਜਮੈਂਟ ਕੰਪਨੀ ਦੇ ਸੀਈਓ, ਕੈਲਾਸ਼ ਕੁਲਕਰਣੀ ਨੇ ਕਿਹਾ, 'ਭਾਰਤ 'ਚ ਅਨੇਕ ਤੱਤ ਵਿਕਾਸ ਦੀ ਕਹਾਣੀ ਲਿਖ ਰਹੇ ਹਨ, ਜਿਨ੍ਹਾਂ 'ਚ ਵਧਦੀ ਘਰੇਲੂ ਖਪਤ, ਮਜਬੂਤ ਵਿਦੇਸ਼ੀ ਮੁਦਰਾ ਭੰਡਾਰ, ਵਿਨਿਰਮਾਣ ਅਤੇ ਮੁੱਢਲੇ ਢਾਂਚੇ ਦੇ ਵਿਕਾਸ 'ਤੇ ਧਿਆਨ, ਡੇਬਟ ਬਜਾਰਾਂ 'ਚ ਸੁਧਾਰ, ਵਿਦੇਸ਼ੀ ਨਿਵੇਸ਼, ਮਜਬੂਤ ਸਰਕਾਰੀ ਸੁਧਾਰ ਆਦਿ ਸ਼ਾਮਲ ਹਨ।
ਅਸੇਟ ਦੇ ਪ੍ਰਭਾਵਸ਼ਾਲੀ ਵੰਡ ਦੇ ਨਾਲ, ਐਚਐਸਬੀਸੀ ਮਲਟੀ ਅਸੇਟ ਐਲੋਕੇਸ਼ਨ ਫੰਡ ਦਾ ਮਕਸਦ ਖਤਰੇ ਨੂੰ ਵੰਡਣਾ ਅਤੇ ਪ੍ਰਦਰਸ਼ਨ 'ਚ ਸੁਧਾਰ ਲਿਆ ਕੇ ਲੰਮੇਂ ਸਮੇਂ 'ਚ ਰਿਸਕ ਐਡਜਸਟਡ ਵਾਧਾ ਪ੍ਰਦਾਨ ਕਰਨਾ ਹੈ।

## ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਵਿਰਾਸਤੀ ਮੇਲੇ ਦਾ ਪੋਸਟਰ ਕੀਤਾ ਜਾਰੀ

### ਬਠਿੰਡਾ ਚ 9, 10 ਤੇ 11 ਫਰਵਰੀ ਨੂੰ ਹੋਵੇਗਾ ਵਿਰਾਸਤੀ ਮੇਲਾ

### ਸੂਬਾ ਸਰਕਾਰ ਦੀਆਂ ਪ੍ਰਾਪਤੀਆਂ ਨੂੰ ਦਰਸਾਉਂਦੀਆਂ ਝਾਕੀਆਂ ਵਿਰਾਸਤੀ ਮੇਲੇ ਦਾ ਬਨਣਗੀਆਂ

### ਪ੍ਰਸਿੱਧ ਸੂਫ਼ੀ ਗਾਇਕ ਕੰਵਰ ਗਰੇਵਾਲ ਸਮੇਤ ਹੋਰ ਗਾਇਕਾਂ ਵਲੋਂ ਕੀਤਾ ਜਾਵੇਗਾ ਆਪਣੀ ਕਲਾਂ ਦਾ ਪ੍ਰਦਰਸ਼ਨ

ਵਰਲਡ ਪੰਜਾਬੀ ਟਾਈਮਜ਼ ਗੁਰਪ੍ਰੀਤ ਚਹਿਲ

ਬਠਿੰਡਾ, 7 ਫ਼ਰਵਰੀ : ਮੁੱਖ ਮੰਤਰੀ ਸ. ਭਗਵੰਤ ਸਿੰਘ ਮਾਨ ਨੇ ਸੂਬਾ ਸਰਕਾਰ ਦੇ ਸੈਰ ਸਪਾਟਾ ਅਤੇ ਸੱਭਿਆਚਾਰਕ ਮਾਮਲੇ ਵਿਭਾਗ, ਜ਼ਿਲ੍ਹਾ ਪ੍ਰਸ਼ਾਸਨ ਅਤੇ ਮਾਲਵਾ ਹੈਰੀਟੇਜ਼ ਅਤੇ ਸੱਭਿਆਚਾਰਕ ਫਾਊਂਡੇਸ਼ਨ ਵਲੋਂ ਇੱਥੇ ਸਥਿਤ ਵਿਰਾਸਤੀ ਪਿੰਡ ਜੈਪਾਲਗੜ੍ਹ ਵਿਖੇ 9, 10 ਅਤੇ 11 ਫਰਵਰੀ 2024 ਨੂੰ ਕਰਵਾਏ ਜਾ ਰਹੇ ਵਿਰਾਸਤੀ ਮੇਲੇ ਦਾ ਪੋਸਟਰ ਜਾਰੀ ਕੀਤਾ।




ਇਸ ਸਬੰਧੀ ਹੋਰ ਜਾਣਕਾਰੀ ਦਿੰਦਿਆਂ ਡਿਪਟੀ ਕਮਿਸ਼ਨਰ ਸ. ਜਸਪ੍ਰੀਤ ਸਿੰਘ ਨੇ ਦੱਸਿਆ ਕਿ ਸੂਬਾ ਸਰਕਾਰ ਵੱਲੋਂ ਪੰਜਾਬ ਤੇ ਪੰਜਾਬੀਅਤ ਦੇ ਪੁਰਾਣੇ ਸੱਭਿਆਚਾਰ ਨੂੰ ਉਤਸ਼ਾਹਿਤ ਕਰਨ ਅਤੇ ਪੁਰਾਣੀ ਵਿਰਾਸਤ ਦੀ ਸਾਂਭ-ਸੰਭਾਲ ਨੂੰ ਸਮਰਪਿਤ ਕਰਵਾਇਆ ਜਾ ਰਿਹਾ 17ਵਾਂ ਵਿਰਾਸਤੀ ਮੇਲਾ ਨੌਜਵਾਨ ਪੀੜ੍ਹੀ ਨੂੰ ਪੁਰਾਣੇ ਸੱਭਿਆਚਾਰ ਤੇ ਵਿਰਾਸਤ ਸਬੰਧੀ ਜਾਣਕਾਰੀ ਦੇਣ ਲਈ ਸਹਾਈ ਸਿੱਧ ਹੋਵੇਗਾ।

ਇਸ ਸਬੰਧੀ ਹੋਰ ਜਾਣਕਾਰੀ ਦਿੰਦਿਆਂ ਡਿਪਟੀ ਕਮਿਸ਼ਨਰ ਨੇ ਦੱਸਿਆ ਕਿ ਇਸ ਮੇਲੇ ਦੀ ਸ਼ੁਰੂਆਤ 9 ਫਰਵਰੀ ਨੂੰ ਸਵੇਰੇ 11:30 ਵਜੇ ਸਥਾਨਕ ਗੁਰੂਦੁਆਰਾ ਹਾਜੀ ਰਤਨ ਵਿਖੇ ਅਰਦਾਸ ਕਰਵਾਉਣ ਉਪਰੰਤ ਦਰਗਾਹ ਤੇ ਚਾਦਰ ਚੜ੍ਹਾਉਣ ਨਾਲ ਹੋਵੇਗੀ। ਇਸ ਮੌਕੇ ਇੱਥੋ ਹੀ ਵਿਰਾਸਤੀ ਕਾਫ਼ਲਾ ਕੱਢਿਆ ਜਾਵੇਗਾ, ਜਿਸ ਚ ਪੰਜਾਬ ਦੇ ਮਾਣਮੱਤੇ ਇਤਿਹਾਸ ਅਤੇ ਸੂਬਾ ਸਰਕਾਰ ਦੀਆਂ ਪ੍ਰਾਪਤੀਆਂ ਨੂੰ ਦਰਸਾਉਂਦੀਆਂ ਝਾਕੀਆਂ ਇਸ ਕਾਫ਼ਲੇ ਦਾ ਸਿੰਗਾਰ ਬਨਣਗੀਆਂ।ਇਸ ਤੋਂ ਇਲਾਵਾ ਇਸ ਕਾਫ਼ਲੇ ਚ ਪੁਰਾਤਨ ਤੇ ਵਿਰਾਸਤੀ ਵਸਤਾਂ ਅਤੇ ਵੱਖ-ਵੱਖ ਰਾਜਾਂ ਦੇ ਸੱਭਿਆਚਾਰ ਨੂੰ ਦਰਸਾਉਂਦੀਆਂ ਹੋਈਆਂ ਪ੍ਰਦਰਸ਼ਨੀਆਂ ਸਮੇਤ ਇਹ ਕਾਫ਼ਲਾ ਸ਼ਹਿਰ ਦੇ ਵੱਖ-ਵੱਖ ਸਥਾਨਾਂ ਤੋਂ ਹੁੰਦਾ ਹੋਇਆ ਵਿਰਾਸਤੀ ਪਿੰਡ ਜੈਪਾਲਗੜ੍ਹ ਵਿਖੇ ਪਹੁੰਚੇਗਾ। ਇਸ ਉਪਰੰਤ ਇੱਥੇ ਵਿਰਾਸਤੀ ਮੇਲਾ ਸ਼ੁਰੂ ਹੋਵੇਗਾ ਜੋ ਲਗਾਤਾਰ 11 ਫ਼ਰਵਰੀ ਤੱਕ ਚੱਲੇਗਾ। ਇਸ ਵਿਰਾਸਤੀ ਮੇਲੇ ਦੌਰਾਨ ਵੱਖ-ਵੱਖ ਰਾਜਾਂ ਨਾਲ ਸਬੰਧਤ ਸੱਭਿਆਚਾਰਕ ਵੰਨਗੀਆਂ, ਨਾਟਕਾਂ, ਕਵੀਸ਼ਰੀ, ਮਲਵਈ ਗਿੱਧਾ, ਭੰਗੜਾ, ਸਮੀ, ਲੁੱਡੀ ਅਤੇ ਭੰਡਾ ਦੇ ਹਾਸਰਾਸ ਰੰਗਾਂ ਤੋਂ ਇਲਾਵਾ ਪ੍ਰਸਿੱਧ ਸੂਫ਼ੀ ਗਾਇਕ ਕੰਵਰ ਗਰੇਵਾਲ ਸਮੇਤ ਹੋਰ ਗਾਇਕਾਂ ਵਲੋਂ ਆਪਣੀ ਕਲਾਂ ਦਾ ਪ੍ਰਦਰਸ਼ਨ ਵੀ ਕੀਤਾ ਜਾਵੇਗਾ।

## ਜਰਖੜ ਖੇਡਾਂ ਤੇ ਹੋਵੇਗਾ 6 ਸਖਸ਼ੀਅਤਾਂ ਦਾ ਵਿਸ਼ੇਸ਼ ਸਨਮਾਨ

### ਗੁਰਜਤਿੰਦਰ ਰੰਧਾਵਾ, ਹਰਜੀਤ ਹਰਮਨ ਪੁਰੇਵਾਲ, ਸੁਰਿੰਦਰ ਕੌਰ, ਐਸ ਐਸ ਸੈਣੀ ਦਾ ਹੋਵੇਗਾ ਵਿਸ਼ੇਸ਼ ਐਵਾਰਡਾਂ ਨਾਲ ਸਨਮਾਨ

### ਕੋਚ ਦੇਵੀ ਦਿਆਲ ਐਵਾਰਡ ਮਿਲੇਗਾ ਸਾਬਕਾ ਕਬੱਡੀ ਸਟਾਰ ਮਨਜੀਤ ਸਿੰਘ ਮੋਹਲਾ ਖੜੂਰ ਨੂੰ

ਵਰਲਡ ਪੰਜਾਬੀ ਟਾਈਮਜ਼

ਲੁਧਿਆਣਾ 7 ਫਰਵਰੀ : 36ਵੀਆਂ ਮਾਡਰਨ ਪੇਂਡੂ ਮਿਨੀ ਓਲੰਪਿਕ ਜਰਖੜ ਖੇਡਾਂ ਜੋ 10 ਅਤੇ 11 ਫਰਵਰੀ ਨੂੰ 6 ਕਰੋੜ ਦੀ ਲਾਗਤ ਨਾਲ ਬਣੇ ਮਾਤਾ ਸਾਹਿਬ ਕੌਰ ਖੇਡ ਸਟੇਡੀਅਮ ਜਰਖੜ ਵਿਖੇ ਹੋ ਰਹੀਆਂ ਹਨ। ਜਰਖੜ ਖੇਡਾਂ ਦੇ ਫਾਈਨਲ ਸਮਾਰੋਹ ਦੇ ਉੱਤੇ ਖੇਡਾਂ ਅਤੇ ਸਿੱਖਿਆ ਜਗਤ ਦੀਆਂ ਪੰਜ ਸ਼ਖਸੀਅਤਾਂ ਦਾ ਵਿਸ਼ੇਸ਼ ਸਨਮਾਨ ਹੋਵੇਗਾ।




ਜਰਖੜ ਖੇਡਾਂ ਦੇ ਚੇਅਰਮੈਨ ਨਰਿੰਦਰਪਾਲ ਸਿੰਘ ਸਿੱਧੂ ਮੁੱਖ ਪ੍ਰਬੰਧਕ ਜਗਰੂਪ ਸਿੰਘ ਜਰਖੜ , ਮਨਮੋਹਨ ਗਰੇਵਾਲ ਮੋਹਣਾ ਜੋਧਾ ਸਿਆਟਲ,ਪ੍ਰਧਾਨ ਐਡਵੋਕੇਟ ਹਰਕਮਲ ਸਿੰਘ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਖੇਡਾਂ ਦਾ ਉਦਘਾਟਨੀ ਸਮਾਰੋਹ ਬੇਹੱਦ ਲਾਜਵਾਬ ਹੋਵੇਗਾ ਖੇਡਾਂ ਦੇ ਫਾਈਨਲ ਸਮਾਰੋਹ ਤੇ 11 ਫਰਵਰੀ ਨੂੰ ਜਿੱਥੇ ਵੱਖ-ਵੱਖ ਖੇਡਾਂ ਦੇ ਫਾਈਨਲ ਮੁਕਾਬਲੇ ਮੁੱਖ ਕੇਂਦਰ ਹੋਣਗੇ ਉੱਥੇ ਉੱਘੇ ਲੋਕ ਗਾਇਕ ਹਰਜੀਤ ਹਰਮਨ ਦਾ ਖੁੱਲਾ ਅਖਾੜਾ ਵੀ ਦਰਸ਼ਕਾਂ ਲਈ ਵਿਸ਼ੇਸ਼ ਖਿੱਚ ਦਾ ਕੇਂਦਰ ਹੋਵੇਗਾ । ਇਸ ਮੌਕੇ ਤੇ ਉੱਘੀਆ 6 ਸ਼ਖਸੀਅਤਾਂ ਦਾ ਵਿਸ਼ੇਸ਼ ਸਨਮਾਨ ਹੋਵੇਗਾ। ਜਿਸ ਵਿੱਚ ਮਰਹੂਮ ਕਬੱਡੀ ਦੇ ਸਾਬਕਾ ਅੰਤਰਰਾਸ਼ਟਰੀ ਖਿਡਾਰੀ ਕੋਚ ਦੇਵੀ ਦਿਆਲ ਦੀ ਯਾਦ ਵਿੱਚ ਰੱਖਿਆ ਅਵਾਰਡ ਕਬੱਡੀ ਦੇ ਸਾਬਕਾ ਸਟਾਰ ਖਿਡਾਰੀ ਮਨਜੀਤ ਸਿੰਘ ਮੋਹਲਾ ਖੜੂਰ ਨੂੰ ਦਿੱਤਾ ਜਾਵੇਗਾ । ਜਿਸ ਵਿੱਚ 50 ਹਜਾਰ ਰੁਪਏ ਦੀ ਇਨਾਮੀ ਰਾਸ਼ੀ ਅਤੇ ਦੇਵੀ ਦਿਆਲ ਐਵਾਰਡ ਹੋਵੇਗਾ ਜਦ ਕਿ ਸਿੱਖਿਆ ਦੇ ਖੇਤਰ ਦਾ ਐਵਾਰਡ ਪੰਜਾਬ ਦੀਆਂ ਧੀਆਂ ਦਾ ਮਾਣ ਐਵਾਰਡ ਜਰਖੜ ਸਕੂਲ ਦੀ ਹੈਡ ਮਾਸਟਰ ਬੀਬੀ ਸੁਰਿੰਦਰ ਕੌਰ ਨੂੰ ਦਿੱਤਾ ਜਾਵੇਗਾ। ਖੇਡ ਪ੍ਰਮੋਟਰ ਅਮਰਜੀਤ ਗਰੇਵਾਲ ਐਵਾਰਡ ਖੇਡਾਂ ਦੇ ਵਿੱਚ ਵਿਸ਼ੇਸ਼ ਯੋਗਦਾਨ ਪਾਉਣ ਵਾਲੇ ਉੱਘੇ ਖੇਡ ਪ੍ਰਮੋਟਰ ਗੁਰਜੀਤ ਸਿੰਘ ਹਕੀਮਪੁਰ ਨੂੰ ਦਿੱਤਾ ਜਾਵੇਗਾ। ਓਲੰਪੀਅਨ ਸੁਰਜੀਤ ਸਿੰਘ ਰੰਧਾਵਾ ਐਵਾਰਡ ਰੋਪੜ ਹਾਕਸ ਹਾਕੀ ਦੇ ਪਿਤਾਮਾ ਐਸਐਸ ਸੈਣੀ ਸਾਹਿਬ ਨੂੰ ਦਿੱਤਾ ਜਾਵੇਗਾ। ਜਦ ਕਿ ਪੱਤਰਕਾਰੀ ਦਾ ਮਾਣ ਐਵਾਰਡ ਪੰਜਾਬ ਮੇਲ ਯੂਐਸਏ ਦੇ ਮੁੱਖ ਸੰਪਾਦਕ ਗੁਰਜਤਿੰਦਰ ਸਿੰਘ ਰੰਧਾਵਾ ਨੂੰ ਦਿੱਤਾ ਜਾਵੇਗਾ। ਪੰਜਾਬੀ ਸੱਭਿਆਚਾਰ ਦਾ ਮਾਣ ਅਵਾਰਡ ਉੱਘੇ ਲੋਕ ਗਾਇਕ ਹਰਜੀਤ ਹਰਮਨ ਨੂੰ ਦਿੱਤਾ ਜਾਵੇਗਾ।

ਮਾਡਰਨ ਪੇਂਡੂ ਮਿੰਨੀ ਓਲੰਪਿਕ ਜਰਖੜ ਖੇਡਾਂ ਵਿੱਚ ਹਾਕੀ ਮੁੰਡੇ ਕੁੜੀਆਂ ਹਾਕੀ ਅੰਡਰ 15 ਸਾਲ ਮੁੰਡੇ ,ਪ੍ਰਾਈਮਰੀ ਸਕੂਲਾਂ ਦੇ ਕਬੱਡੀ ਮੁਕਾਬਲੇ, ਹਾਈ ਸਕੂਲਾਂ ਦੇ ਰੱਸਾਕਸੀ ਅਤੇ ਪਬਲਿਕ ਸਕੂਲਾਂ ਦੀਆਂ ਖੇਡਾਂ ਤੋਂ ਇਲਾਵਾ ਕਬੱਡੀ ਓਪਨ ਕੱਪ ਨਾਇਬ ਸਿੰਘ ਗਰੇਵਾਲ ਜੋਧਾ ਦੀ ਯਾਦ ਨੂੰ ਸਮਰਪਿਤ ਹੋਵੇਗਾ ਜਦ ਕਿ ਕੁਸ਼ਤੀ ਮੁਕਾਬਲੇ ਬਚਨ ਸਿੰਘ ਮੰਡੌਰ ਅਤੇ ਵਾਲੀਬਾਲ ਮੁਕਾਬਲੇ ਅਮਰਜੀਤ ਸਿੰਘ ਗਰੇਵਾਲ ਦੀ ਯਾਦ ਵਿੱਚ ਕਰਵਾਏ ਜਾਣਗੇ।

## ਵਾਈਸ ਚਾਂਸਲਰ, ਡਾ.ਰਾਜੀਵ ਸੂਦ ਨੇ ਕਾਰਜਕਾਰੀ ਡਾਇਰੀ 2024 ਕੀਤੀ ਜਾਰੀ

ਵਰਲਡ ਪੰਜਾਬੀ ਟਾਈਮਜ਼ ਧਰਮ ਪ੍ਰਵਾਨਾਂ

ਫ਼ਰੀਦਕੋਟ 7 ਫ਼ਰਵਰੀ : ਪ੍ਰਸ਼ਾਸਕੀ ਕਾਰਜਾਂ ਨੂੰ ਸੁਚਾਰੂ ਬਣਾਉਣ ਅਤੇ ਸੰਗਠਨਾਤਮਕ ਕੁਸ਼ਲਤਾ ਨੂੰ ਵਧਾਉਣ ਦੇ ਉਦੇਸ਼ ਨਾਲ ਇੱਕ ਮਹੱਤਵਪੂਰਨ ਵਿਕਾਸ ਵਿੱਚ, ਬਾਬਾ ਫਰੀਦ ਯੂਨੀਵਰਸਿਟੀ ਆਫ ਹੈਲਥ ਸਾਇੰਸਿਜ਼, ਫਰੀਦਕੋਟ ਦੇ ਵਾਈਸ ਚਾਂਸਲਰ, ਪ੍ਰੋਫੈਸਰ ਡਾ. ਰਾਜੀਵ ਸੂਦ ਨੇ ਬਹੁ-ਉਮੀਦਿਤ ਕਾਰਜਕਾਰੀ ਡਾਇਰੀ ਸਾਲ 2024 ਜਾਰੀ ਕੀਤੀ।ਕਾਰਜਕਾਰੀ ਡਾਇਰੀ ਦੀ ਰਿਲੀਜ਼ ਯੂਨੀਵਰਸਿਟੀ ਲਈ ਇੱਕ ਮਹੱਤਵਪੂਰਨ ਪਲ ਦੀ ਨਿਸ਼ਾਨਦੇਹੀ ਕਰਦੀ ਹੈ, ਜੋ ਕਿ ਸੁਚੇਤ ਯੋਜਨਾਬੰਦੀ, ਪ੍ਰਭਾਵੀ ਸੰਚਾਰ, ਅਤੇ ਸੰਚਾਲਨ ਉੱਤਮਤਾ ਲਈ ਇਸਦੀ ਵਚਨਬੱਧਤਾ ਨੂੰ ਦਰਸਾਉਂਦੀ ਹੈ। ਸਿਹਤ ਵਿਗਿਆਨ ਦੀ ਸਿੱਖਿਆ ਅਤੇ ਖੋਜ ਨੂੰ ਸਮਰਪਿਤ ਇੱਕ ਪ੍ਰਸਿੱਧ ਸੰਸਥਾ ਵਜੋਂ, ਬਾਬਾ ਫ਼ਰੀਦ ਯੂਨੀਵਰਸਿਟੀ ਆਫ਼ ਹੈਲਥ ਸਾਇੰਸਿਜ਼ ਆਪਣੇ ਮਿਸ਼ਨ ਅਤੇ ਉਦੇਸ਼ਾਂ ਨੂੰ ਅੱਗੇ ਵਧਾਉਣ ਲਈ ਕਾਰਜਕਾਰੀ ਡਾਇਰੀ ਨੂੰ ਇੱਕ ਰਣਨੀਤਕ ਸਾਧਨ ਵਜੋਂ ਵਰਤਣ ਲਈ ਤਿਆਰ ਹੈ।
ਇਸ ਮੌਕੇ ਬੋਲਦਿਆਂ ਪ੍ਰੋ: ਡਾ: ਰਾਜੀਵ ਸੂਦ ਨੇ ਸੰਸਥਾਗਤ ਟੀਚਿਆਂ ਦੀ ਪ੍ਰਾਪਤੀ ਲਈ ਢਾਂਚਾਗਤ ਯੋਜਨਾਬੰਦੀ ਅਤੇ ਸੰਗਠਨ ਦੀ ਮਹੱਤਤਾ 'ਤੇ ਜ਼ੋਰ ਦਿੱਤਾ | ਉਹਨਾਂ ਨੇ ਕਾਰਜਕਾਰੀ ਡਾਇਰੀ ਨੂੰ ਇੱਕ ਵਿਆਪਕ ਸਰੋਤ ਵਜੋਂ ਉਜਾਗਰ ਕੀਤਾ ਜੋ ਵੱਖ-ਵੱਖ ਵਿਭਾਗਾਂ ਵਿੱਚ ਤਾਲਮੇਲ ਦੀ ਸਹੂਲਤ, ਸਮਾਂ ਪ੍ਰਬੰਧਨ ਨੂੰ ਵਧਾਉਣ ਅਤੇ ਯੂਨੀਵਰਸਿਟੀ ਕੈਂਪਸ ਵਿੱਚ ਵਰਕਫਲੋ ਪ੍ਰਕਿਰਿਆਵਾਂ ਨੂੰ ਅਨੁਕੂਲ ਬਣਾਉਣ ਲਈ ਤਿਆਰ ਕੀਤਾ ਗਿਆ ਹੈ।
ਕਾਰਜਕਾਰੀ ਡਾਇਰੀ ਦਾ ਉਦਘਾਟਨ ਬਾਬਾ ਫ਼ਰੀਦ ਯੂਨੀਵਰਸਿਟੀ ਆਫ਼ ਹੈਲਥ ਸਾਇੰਸਿਜ਼ ਦੀ ਸਿਹਤ ਸੰਭਾਲ ਸਿੱਖਿਆ, ਖੋਜ ਅਤੇ ਸੇਵਾ ਪ੍ਰਦਾਨ ਕਰਨ ਵਿੱਚ ਉੱਤਮਤਾ ਵੱਲ ਸਫ਼ਰ ਵਿੱਚ ਇੱਕ ਮਹੱਤਵਪੂਰਨ ਮੀਲ ਪੱਥਰ ਨੂੰ ਦਰਸਾਉਂਦਾ ਹੈ।ਪ੍ਰੋ. ਡਾ. ਰਾਜੀਵ ਸੂਦ ਦੀ ਦੂਰਅੰਦੇਸ਼ੀ ਅਗਵਾਈ ਹੇਠ, ਯੂਨੀਵਰਸਿਟੀ ਸਿੱਖਿਆ, ਨਵੀਨਤਾ ਅਤੇ ਪ੍ਰਭਾਵਸ਼ਾਲੀ ਪਹਿਲਕਦਮੀਆਂ ਰਾਹੀਂ ਸਿਹਤ ਸੰਭਾਲ ਦੇ ਭਵਿੱਖ ਨੂੰ ਰੂਪ ਦੇਣ ਲਈ ਆਪਣੇ ਸਮਰਪਣ ਵਿੱਚ ਦ੍ਰਿੜ ਰਹਿੰਦੀ ਹੈ।



## ਕਾਜਲਪ੍ਰੀਤ ਕੌਰ ਨੇ ਵਾਲੀਬਾਲ ਸਮੈਸ਼ਿੰਗ ਟੂਰਨਾਮੈਂਟ 'ਚ ਲਿਆ ਭਾਗ

ਵਰਲਡ ਪੰਜਾਬੀ ਟਾਈਮਜ਼ ਟਿੰਕੂ ਕੁਮਾਰ

ਕੋਟਕਪੂਰਾ, 7 ਫਰਵਰੀ : ਬੀਤੇ ਦਿਨੀਂ 67ਵੀਆਂ ਸਕੂਲੀ ਨੈਸ਼ਨਲ ਲੈਵਲ ਵਾਲੀਬਾਲ ਸਮੈਸ਼ਿੰਗ ਖੇਡਾਂ ਜੋ ਕਿ ਜੋ ਕਿ ਮਿਤੀ 29.01.2024 ਤੋਂ 01.02.2024 ਤੱਕ ਸ਼ਿਮੋਗਾ, ਕਰਨਾਟਕਾ ਵਿਖੇ ਕਰਵਾਈਆਂ ਗਈਆਂ। ਜਿਸ 'ਚ ਗੁਰੂ ਗੋਬਿੰਦ ਸਿੰਘ ਪਬਲਿਕ ਸਕੂਲ ਮਡਾਹਰ ਕਲਾਂ ਦੀ ਕਾਜਲਪ੍ਰੀਤ ਕੌਰ ਪੁੱਤਰੀ ਤਰਸੇਮ ਸਿੰਘ ਜਮਾਤ 11ਵੀਂ ਪਿੰਡ ਬਾਜਾ ਮਡਾਹਰ ਨੇ ਪੰਜਾਬ ਦੀ ਟੀਮ ਦੀ ਅਗਵਾਈ ਕਰਦਿਆਂ ਨੈਸ਼ਨਲ ਲੈਵਲ ਵਾਲੀਬਾਲ ਸਮੈਸ਼ਿੰਗ ਖੇਡਾਂ 'ਚ ਭਾਗ ਲੈ ਕੇ ਸ਼ਾਨਦਾਰ ਪ੍ਰਦਰਸ਼ਨ ਕੀਤਾ। ਸਕੂਲ ਪਹੁੰਚਣ 'ਤੇ ਕਾਜਲਪ੍ਰੀਤ ਕੌਰ ਨੂੰ ਸਕੂਲ ਮੁਖੀ ਮੈਡਮ ਨਵਦੀਪ ਕੌਰ ਟੂਰਨਾ ਅਤੇ ਵਾਲੀਬਾਲ ਕੋਚ ਕੁਲਵਿੰਦਰ ਸਿੰਘ ਵੜਿੰਗ ਨੇ ਵਧਾਈ ਦਿੰਦਿਆਂ ਭਵਿੱਖ 'ਚ ਹੋਰ ਮਿਹਨਤ ਕਰਨ ਅਤੇ ਬੁਲੰਦੀਆਂ ਨੂੰ ਸਰ ਕਰਨ ਦਾ ਆਸ਼ੀਰਵਾਦ ਦਿੱਤਾ। ਇਸ ਮੌਕੇ ਉਪਰੋਕਤ ਤੋਂ ਇਲਾਵਾ ਸਕੂਲ ਦਾ ਸਮੂਹ ਸਟਾਫ ਅਤੇ ਕੁਝ ਹੋਰ ਮੋਹਤਬਰ ਵਿਅਕਤੀ ਵੀ ਹਾਜਰ ਸਨ।



## ਡੇਅਰੀ ਉੱਦਮ ਸਿਖਲਾਈ ਕੋਰਸ ਦੀ ਕੌਂਸਲਿੰਗ ਅੱਜ : ਬਰਾੜ

ਵਰਲਡ ਪੰਜਾਬੀ ਟਾਈਮਜ਼ ਟਿੰਕੂ ਕੁਮਾਰ


ਨਿਰਵੈਰ ਸਿੰਘ ਬਰਾੜ

ਕੋਟਕਪੂਰਾ, 7 ਫਰਵਰੀ : ਕੁਲਦੀਪ ਸਿੰਘ ਜੱਸੋਵਾਲ ਡਾਇਰੈਕਟਰ ਡੇਅਰੀ ਵਿਕਾਸ ਵਿਭਾਗ ਪੰਜਾਬ ਦੀ ਯੋਗ ਅਗਵਾਈ ਹੇਠ ਡੇਅਰੀ ਵਿਕਾਸ ਵਿਭਾਗ ਪੰਜਾਬ ਵੱਲੋਂ ਡੇਅਰੀ ਫਾਰਮਰਾਂ ਨੂੰ ਕੁਸ਼ਲ ਡੇਅਰੀ ਮੈਨੇਜਰ ਬਣਾਉਣ ਲਈ (30 ਦਿਨਾਂ) ਦਾ ਡੇਅਰੀ ਉੱਦਮ ਸਿਖਲਾਈ ਕੋਰਸ ਮਿਤੀ 19-02-2024 ਨੂੰ ਪੰਜਾਬ 'ਚ ਵੱਖ-ਵੱਖ ਡੇਅਰੀ ਟ੍ਰੇਨਿੰਗ ਸੈਂਟਰਾਂ 'ਤੇ ਚਲਾਇਆ ਜਾ ਰਿਹਾ ਹੈ। ਜਿਸ ਦੀ ਕੌਂਸਲਿੰਗ ਮਿਤੀ 8 ਫਰਵਰੀ ਨੂੰ ਰੱਖੀ ਗਈ ਹੈ। ਇਹ ਜਾਣਕਾਰੀ ਦਿੰਦਿਆਂ ਡਿਪਟੀ ਡਾਇਰੈਕਟਰ ਡੇਅਰੀ ਫ਼ਰੀਦਕੋਟ ਨਿਰਵੈਰ ਸਿੰਘ ਬਰਾੜ ਨੇ ਦੱਸਿਆ ਕਿ ਇਸ ਟ੍ਰੇਨਿੰਗ 'ਚ ਦੁਧਾਰੂ ਪਸ਼ੂਆਂ ਦੀ ਨਸਲ ਸੁਧਾਰ, ਦੁੱਧ ਤੋਂ ਦੁੱਧ ਪਦਾਰਥ ਬਣਾਉਣ, ਡੇਅਰੀ ਫਾਰਮ ਦਾ ਪ੍ਰਬੰਧ ਅਤੇ ਸੰਤੁਲਿਤ ਪਸ਼ੂ ਖੁਰਾਕ ਸਬੰਧੀ ਸਿਖਲਾਈ ਦਿੱਤੀ ਜਾ ਰਹੀ ਹੈ। ਜਿਲ੍ਹਾ ਫਰੀਦਕੋਟ ਦੇ ਚਾਹਵਾਨ ਡੇਅਰੀ ਫਾਰਮਰ, ਜਿੰਨ੍ਹਾਂ ਦੀ ਉਮਰ 18 ਤੋਂ 55 ਸਾਲ ਹੋਵੇ ਅਤੇ 5 ਦੁਧਾਰੂ ਪਸ਼ੂ ਮੌਜੂਦਾ ਹੋਣ, ਉਹ ਮਿਤੀ 08-02-2024 ਨੂੰ ਮੈਟ੍ਰਿਕ ਦਾ ਸਰਟੀਫਿਕੇਟ, ਆਧਾਰ ਕਾਰਡ, ਸਮੇਤ ਪਾਸਪੋਰਟ ਸਾਇਜ਼ ਫੋਟੋ ਲੈ ਕੇ ਡੇਅਰੀ ਸਿਖਲਾਈ ਅਤੇ ਵਿਸਥਾਰ ਕੇਂਦਰ, ਗਿੱਲ ਜਿਲ੍ਹਾ ਮੋਗਾ ਵਿਖੇ ਕੌਂਸਲਿੰਗ ਲਈ ਹਾਜ਼ਰ ਹੋਣ। ਇਸ ਸਬੰਧੀ ਨਿਰਧਾਰਿਤ ਪ੍ਰੋਫਾਰਮੇ ਲਈ ਪ੍ਰਾਸਪੈਕਟ ਸਬੰਧਤ ਜਿਲ੍ਹੇ ਦੇ ਡਿਪਟੀ ਡਾਇਰੈਕਟਰ ਡੇਅਰੀ ਵਿਕਾਸ, ਫਰੀਦਕੋਟ, ਡੀ.ਸੀ. ਦਫਤਰ, ਪਹਿਲੀ ਮੰਜ਼ਿਲ, ਕਮਰਾ ਨੰ: 212 ਤੋਂ ਪ੍ਰਾਪਤ ਕਰ ਸਕਦੇ ਹਨ। ਵਧੇਰੇ ਜਾਣਕਾਰੀ ਲਈ ਮੋਬਾਇਲ ਨੰਬਰ 98779-93637 'ਤੇ ਸੰਪਰਕ ਕੀਤਾ ਜਾ ਸਕਦਾ

## ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਪੱਖੋਵਾਲ ਸਕੂਲ ਦੇ ਬੱਚਿਆਂ ਦਾ ਵਿਦਿਅਕ ਟੂਰ ਲਗਵਾਇਆ ਗਿਆ।

ਵਰਲਡ ਪੰਜਾਬੀ ਟਾਈਮਜ਼ ਪਵਨ ਗੁਪਤਾ





ਅਹਿਮਦਗੜ੍ਹ 7 ਫਰਵਰੀ: ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਪੱਖੋਵਾਲ ਦੇ ਨੌਵੀਂ ਤੋਂ ਬਾਰਵੀਂ ਦੇ ਵਿਦਿਆਰਥੀਆਂ ਦਾ ਵਿਦਿਅਕ ਟੂਰ ਹਰੀਕੇ ਪੱਤਣ ਜਿਲ੍ਹਾ ਤਰਨਤਾਰਨ ਅਤੇ ਸੀਟੀ ਯੂਨੀਵਰਸਿਟੀ ਵਿਖੇ ਲਗਵਾਇਆ ਗਿਆ। ਇਹ ਵਿਦਿਕ ਟੂਰ ਜ਼ਿਲ੍ਹਾ ਸਿੱਖਿਆ ਅਫਸਰ ਲੁਧਿਆਣਾ ਅਤੇ ਸਕੂਲ ਪ੍ਰਿੰਸੀਪਲ ਸ਼੍ਰੀਮਤੀ ਅਨੀਤਾ ਰਾਣੀ ਦੇ ਦਿਸ਼ਾ ਨਿਰਦੇਸ਼ਾਂ ਤਹਿਤ ਲੈਕਚਰਾਰ ਗਗਨਦੀਪ ਕੌਰ ਜਗਜੀਤ ਸਿੰਘ ਲਲਿਤ ਗੁਪਤਾ ਕੁਲਵਿੰਦਰ ਕੌਰ ਗੁਰਪ੍ਰੀਤ ਕੌਰ ਅਤੇ ਸ਼ਸ਼ੀ






ਬਾਲਾ ਦੀ ਯੋਗ ਅਗਵਾਈ ਹੇਠ ਲਗਾਇਆ ਗਿਆ। ਇਸ ਮੌਕੇ ਬੱਚਿਆਂ ਨੂੰ ਹਰੀਕੇ ਪੱਤਣ ਵਿਖੇ ਜਲਗਾਹ ਦੀ ਸੈਰ ਕਰਵਾਈ ਅਤੇ ਜਲਗਾਹ ਸਬੰਧੀ ਲੈਕਚਰਾਰ ਗਗਨਦੀਪ ਕੌਰ ਨੇ ਵਿਸਥਾਰ ਪੂਰਵਕ ਜਾਣਕਾਰੀ ਦਿੱਤੀ। ਇਸ ਦੇ ਨਾਲ ਨਾਲ ਵਿਦਿਆਰਥੀਆਂ ਨੂੰ ਸਿਟੀ ਯੂਨੀਵਰਸਿਟੀ ਦੇ ਅੰਦਰ ਚਲਦੇ ਵੱਖ-ਵੱਖ ਕੋਰਸ ਮਕੈਨਿਕਲ ਇੰਜੀਨੀਅਰਿੰਗ ਲੈਬ ਫਿਜੀਓਥੈਰਪੀ ਯੂਨਿਟ ਵਿਜਿਟ ਕਰਵਾਏ ਗਏ ਅਤੇ ਇਹਨਾਂ ਬਾਰੇ ਵਿਸਥਾਰ ਪੂਰਵਕ ਜਾਣਕਾਰੀ ਦਿੱਤੀ ਗਈ। ਇਸ ਤੋਂ ਇਲਾਵਾ ਬੱਚਿਆਂ ਨੂੰ ਸਾਇੰਸ ਕਾਲਜ ਵਿਖੇ ਬੋਟੈਨੀਕਲ ਗਾਰਡਨ ਅਤੇ ਮਿਊਜ਼ੀਅਮ ਦੀ ਵਿਜਿਟ ਵੀ ਕਰਵਾਈ ਗਈ। ਲੈਕਚਰਾਰ ਲਲਿਤ ਗੁਪਤਾ ਅਤੇ ਜਗਜੀਤ ਸਿੰਘ ਨੇ ਪੰਜਾਬ ਸਰਕਾਰ ਵੱਲੋਂ ਦਿੱਤੇ ਗਏ ਇਸ ਵਿਦਿਅਕ ਟੂਰ ਦੀ ਸਲਾਘਾ ਕਰਦਿਆਂ ਕਿਹਾ ਕਿ ਅਜਿਹੇ ਟੂਰ ਜਾਣਕਾਰੀ ਭਰਪੂਰ ਹੁੰਦੇ ਹਨ ਅਤੇ ਵਿਦਿਆਰਥੀਆਂ ਨੂੰ ਇੱਕ ਨਵਾਂ ਪਲੈਟਫਾਰਮ ਮਿਲਦਾ ਹੈ ਅਤੇ ਜਾਣਕਾਰੀ ਵਿੱਚ ਵਾਧਾ ਹੁੰਦਾ ਹੈ। ਟੂਰ ਤੇ ਗਏ ਵਿਦਿਆਰਥੀਆਂ ਨੂੰ ਰਿਫਰੈਸ਼ਮੈਂਟ ਅਤੇ ਲੰਚ ਵੀ ਮੁਹਈਆ ਕਰਵਾਇਆ ਗਿਆ।




ਵਰਲਡ ਪੰਜਾਬੀ ਟਾਈਮਜ਼ ਜ਼ਫ਼ਰ ਇਕਬਾਲ

ਇਹ ਡਾ.ਸੁਗ਼ਰਾ ਸੱਦਫ਼ ਦੀਆਂ ਪੰਜਾਬੀ ਗ਼ਜ਼ਲਾਂ ਦਾ ਪਰਾਗਾ ਹੈ ਜਿਹਦਾ ਸਮਰਪਣ ਉਨ੍ਹਾਂ ਚੜ੍ਹਦੇ ਪੰਜਾਬ ਦੇ ਉਚੇਰੇ ਸ਼ਾਇਰ ਗੁਰਭਜਨ ਸਿੰਘ ਗਿੱਲ ਦੇ ਨਾਮ ਕੀਤਾ ਏ। ਡਾ. ਸੁਗ਼ਰਾ ਸੱਦਫ਼ ਹੋਰੀਂ ਪੰਜਾਬੀ ਸ਼ਾਇਰੀ ਵਿਚ ਨਿਵੇਕਲਾ ਅਸਥਾਨ ਰੱਖਦੇ ਨੇ। ਉਨ੍ਹਾਂ ਦੀ ਵਾਰਤਕ ਵਿਚ ਵੀ ਸ਼ਾਇਰਾਨਾ ਅੰਗ ਮੌਜੂਦ ਹੁੰਦਾ ਏ। ਪੰਜਾਬੀ ਜ਼ਬਾਨ ਲਈ ਲਾਹੌਰ ਵਿੱਚ ਕੰਮ ਕਰਨ ਵਾਲੇ ਸਰਕਾਰੀ ਅਦਾਰੇ "ਪਿਲਾਕ"ਦੀ ਡਾਇਰੈਕਟਰ ਜਨਰਲ ਦੇ ਤੌਰ ਤੇ ਉਨ੍ਹਾਂ ਦੇ ਕੰਮਾਂ ਦੀ ਪੂਰੇ ਜੱਗ ਦੇ ਪੰਜਾਬੀਆਂ ਨੇ ਸਲਾਹੁਤਾ ਕੀਤੀ। ਉਨ੍ਹਾਂ ਸੂਫ਼ੀ ਸ਼ਾਇਰਾਂ ਦੇ ਕਲਾਮ ਨੂੰ ਪੰਜਾਬੀ ਵਿਚ ਤਰਜਮਾ ਕਰ ਕੇ ਉਚਾ ਕੰਮ ਕੀਤਾ ਏ। ਆਪ ਵੀ ਸੂਫ਼ੀਇਜ਼ਮ ਵਿਚ ਪੀ ਐਚ ਡੀ ਨੇ । ਇੰਝ ਤਸੱਵੁਫ਼ ਉਨ੍ਹਾਂ ਦੀ ਜ਼ਾਤ ਵਿਚ ਰਚਿਆ ਵਸਿਆ ਹੋਇਆ ਏ। ਇਸ ਸ਼ਿਅਰੀ ਪਰਾਗੇ ਵਿਚ ਵੀ ਤੁਹਾਨੂੰ ਰੋਮਾਨੀਅਤ ਤੇ ਤਸੱਵੁਫ਼ ਦਾ ਨਿਵੇਕਲਾ ਮਿਲਾਪ ਨਜ਼ਰੀਂ ਅਵੇਗਾ। ਗ਼ਜ਼ਲਾਂ ਬਹੁਤ ਸੋਹਣੀਆਂ ਤੇ ਚੰਗੀਆਂ ਨੇ। ਹੱਕੀ ਗੱਲ ਇਹ ਵੇ ਕਿ ਡਾਕਟਰ ਸੁਗ਼ਰਾ ਸਦਫ਼ ਦੀ ਸ਼ਾਇਰੀ ਵਿਚ ਉਹ ਸਾਰੀਆਂ ਨਜ਼ਾਕਤਾਂ, ਡੂੰਘੀਆਂ ਰਮਜ਼ਾਂ ਤੇ ਸੱਜਰੀਆਂ ਖ਼ੁਸ਼ਬੂਆਂ ਛਲਕ ਛਲਕ ਪੈਂਦੀਆਂ ਨੇ ਜਿਹੜੀਆਂ ਏਸ ਵੱਡੀ ਜ਼ਬਾਨ ਦਾ ਖ਼ਾਸਾ ਨੇਂ।
ਅਸਲ ਵਿਚ ਇਹ ਮੁਹੱਬਤ ਦੀ ਸ਼ਾਇਰੀ ਏ ਜਿਹਦੇ ਵਿਚ ਤਸੱਵੁਫ਼ ਤੇ ਰੂਹਾਨੀਅਤ ਦਾ ਤੜਕਾ ਬਹੁਤ ਸੋਹਣੇ ਢੰਗ ਨਾਲ਼ ਖ਼ੁਸ਼ਬੂਆਂ ਖਿਲਾਰਦਾ ਪਿਆ ਏ ।


## ਤੂੰ ਕੀ ਹੈ....




ਵਰਲਡ ਪੰਜਾਬੀ ਟਾਈਮਜ਼ ਪਰਵੀਨ ਕੌਰ ਸਿੱਧੂ

ਤੂੰ ਗੁੰਝਲ ਹੈ ਜਾਂ ਬੁਝਾਰਤ ਹੈ,
ਕਹਾਣੀ ਹੈ ਜਾਂ ਬਾਤ ਹੈ,
ਕਿਸੇ ਕਵੀ ਦੀ ਸੋਹਣੀ,
ਕਵਿਤਾ ਬੇਮਿਸਾਲ ਹੈ,
ਨਦੀਆਂ ਦਾ ਵਹਿੰਦਾ ਪਾਣੀ,
ਜਾਂ ਨਿਰਮਲ ਆਬਸ਼ਾਰ ਹੈ,
ਇਹਨਾਂ ਉੱਡਦੇ ਪਰਿੰਦਿਆਂ ਦੀ,
ਲੰਮੀ ਪਰਵਾਜ਼ ਹੈ,
ਸੋਹਣੇ ਰੁੱਖਾਂ ਦੀ ਹਵਾ ਤਰੋਤਾਜ਼ ਹੈ,
ਫੁੱਲਾਂ ਦੀ ਸੁਗੰਧੀ ਬੇਮਿਸਾਲ ਹੈ,
ਪੱਤਿਆ 'ਚੋਂ ਸੁਣਦਾ ਇਲਾਹੀ ਰਾਗ ਹੈ,
ਤੂੰ ਕਣ-ਕਣ 'ਚ ਹੈ,
ਜਾਂ ਸਾਰੀ ਸ੍ਰਿਸ਼ਟੀ 'ਚ ਵਿਸਮਾਦ ਹੈ,
ਇਹਨਾਂ ਉੱਚੇ ਅੰਬਰਾਂ 'ਤੇ ਹੈ,
ਜਾਂ ਵਿਸ਼ਾਲ ਧਰਤੀ 'ਚ ਬਿਰਾਜਮਾਨ ਹੈ,
ਤੂੰ ਅਵਾਜ਼ ਹੈ,
ਜਾਂ ਚੁੱਪ ਜਿਹਾ ਰਾਗ ਹੈ,
ਤੂੰ ਜੋ ਵੀ ਹੈ,
ਬੇਹਿਸਾਬ ਹੈ, ਇੱਕ ਮਿਸਾਲ ਹੈ,
ਕਦੋਂ ਕਿਥੋਂ ਦਿਸ ਪਏ,
ਬਸ ਚਮਤਕਾਰ ਹੈ ......

## ਸ਼ਾਨਦਾਰ ਰਿਹਾ ਪੁੰਗਰਦੇ ਹਰਫ਼ ਵਿਸ਼ਵ ਸਾਹਿਤਕ ਮੰਚ ਵੱਲੋਂ ਕਰਵਾਇਆ ਗਿਆ ਸਾਂਝੇ ਪੰਜਾਬ ਦਾ ਕਵੀ ਦਰਬਾਰ




ਵਰਲਡ ਪੰਜਾਬੀ ਟਾਈਮਜ਼ ਅੰਜੂ ਅਮਨਦੀਪ ਗਰੋਵਰ

ਚੰਡੀਗੜ੍ਹ,7 ਫਰਵਰੀ: ਪੁੰਗਰਦੇ ਹਰਫ਼ ਵਿਸ਼ਵ ਸਾਹਿਤਕ ਮੰਚ ਵੱਲੋਂ ਵਿਸ਼ੇਸ਼ ਕਵੀ ਦਰਬਾਰ ਕਰਵਾਇਆ ਗਿਆ । ਮੰਚ ਦੇ ਸੰਸਥਾਪਕ ਰਮਨਦੀਪ ਕੌਰ ਰੰਮੀ ਅਤੇ ਪ੍ਰਧਾਨ ਅਮਨਬੀਰ ਸਿੰਘ ਧਾਮੀ ਨੇ ਪ੍ਰੋਗਰਾਮ ਦੀ ਸ਼ੁਰੂਆਤ ਕਰਦਿਆਂ ਸਾਰੇ ਕਵੀ ਸਾਹਿਬਾਨਾਂ ਨੂੰ ਸਵਾਗਤ ਕੀਤਾ। ਪ੍ਰੋਗਰਾਮ ਦਾ ਸੰਚਾਲਨ ਕਰ ਰਹੇ ਡਾ ਕਮਲਪ੍ਰੀਤ ਕੌਰ ਸੰਧੂ ਨੇ ਆਪਣੇ ਸ਼ੇਅਰਾਂ ਨਾਲ ਸਾਰੇ ਕਵੀਆਂ ਨੂੰ ਸੰਬੋਧਨ ਕਰਦਿਆਂ ਪ੍ਰੋਗਰਾਮ ਦਾ ਆਗਾਜ਼ ਕੀਤਾ। ਇਸ ਆਨਲਾਈਨ ਕਵੀ ਦਰਬਾਰ ਵਿਚ ਸ਼ਿਰਕਤ ਕਰਨ ਵਾਲੇ ਸਤਿਕਾਰਯੋਗ ਕਵੀਜਨ— ਤ੍ਰੈਲੋਚਨ ਲੋਚੀ , ਗੁਰਚਰਨ ਸਿੰਘ ਜੋਗੀ , ਆਸ਼ਾ ਸ਼ਰਮਾ , ਸੋਨੀਆ ਭਾਰਤੀ , ਮਹਿਬੂਬ ਆਲਮ ਤਾਰਿਕ , ਲਖਵਿੰਦਰ ਸਿੰਘ ਲੱਕੀ , ਨੌਸ਼ੀਨ ਹੁਸੈਨ ਨੌਸ਼ੀ , ਹਰਜਿੰਦਰ ਕੌਰ ਸੱਧਰ , ਮੁਹੰਮਦ ਆਰਿਫ਼ ਰਸ਼ੀਦ ਅਤੇ ਨਜ਼ਮਾਂ ਮਹਿਬੂਬ ਨਜ਼ਮਾਂ ਨੇ ਆਪਣੀਆਂ ਰਚਨਾਵਾਂ ਦੀ ਸਾਂਝ ਪਾਈ ਅਤੇ ਪ੍ਰੋਗਰਾਮ ਸੰਬੰਧੀ ਆਪਣੇ ਭਾਵਪੂਰਨ ਵਿਚਾਰ ਵੀ ਰੱਖੇ । ਪੁੰਗਰਦੇ ਹਰਫ਼ ਦੀ ਸਮੁੱਚੀ ਟੀਮ ਵਿੱਚੋਂ ,ਅਮਨਬੀਰ ਧਾਮੀ (ਪ੍ਰਧਾਨ),ਹਰਮੀਤ ਕੌਰ ਮੀਤ (ਸੀ.ਮੀਤ ਪ੍ਰਧਾਨ), ਡਾ ਗੁਰਸ਼ਰਨ ਸਿੰਘ ਸੋਹਲ (ਮੀਤ ਪ੍ਰਧਾਨ) , ਅੰਜੂ ਅਮਨਦੀਪ ਕੌਰ (ਕੋਆਰਡੀਨੇਟਰ) ਨੇ ਵੀ ਹਾਜ਼ਰੀ ਲਵਾਉਂਦਿਆਂ ਆਪਣੇ ਵਿਚਾਰ ਰੱਖੇ । ਮੰਚ ਦੇ ਚੇਅਰਮੈਨ ਬਲਿਹਾਰ ਲੇਹਲ ਨੇ ਵੀ ਆਪਣੇ ਕੀਮਤੀ ਅਤੇ ਵਡਮੁੱਲੇ ਵਿਚਾਰਾਂ ਨਾਲ ਸਭ ਦਾ ਧੰਨਵਾਦ ਕੀਤਾ। ਇਸ ਆਨਲਾਈਨ ਕਵੀ ਦਰਬਾਰ ਨੂੰ ਸੋਸ਼ਲ ਮੀਡੀਆ ਫੇਸਬੁੱਕ ਉੱਤੇ ਵੀ ਲਾਈਵ ਟੈਲੀਕਾਸਟ ਕੀਤਾ ਗਿਆ ਅਤੇ ਮੀਡੀਆ ਇੰਚਾਰਜ ਸਿਮਰਨਜੀਤ ਕੌਰ ਸਿਮਰ ਨੇ ਪ੍ਰੋਗਰਾਮ ਨੂੰ ਫੇਸਬੁੱਕ ਤੋਂ ਟੈਕਨੀਕਲ ਸਹਿਯੋਗ ਦਿੱਤਾ।

## ਡੇਢ ਅੱਖਾ ( ਕਹਾਣੀ)




ਕੁੜੇ ਆਹ ਕੀ ਭਾਣਾ ਵਰਤ ਗਿਆ?ਹਾਏ!ਹਾਏ! ਨੀਂ ਲੋਹੜਾ ਮਾਰ ਗਿਆ,ਐਡੀ ਮਾੜੀ, ਨੀ ਏਡੀ ਮਾੜੀ ਤਾਂ ਰੱਬ ਵੈਰੀ ਤੋਂ ਵੈਰੀ ਨਾਲ਼ ਨਾ ਕਰੇ।ਨਾ ਕੀ ਹੋਇਆ ਬੀਬੀ? ਕਿਉਂ ਸਾਹੋਂ ਸਾਹ ਹੋਈ ਆਉਂਣੀ ਏਂ।ਨੀਂ ਕੀ ਦੱਸਾਂ ਭੈਣੇ! ਗੁੜ ਖਾਣਿਆਂ ਦੇ ਤੇਜੂ ਦੇ ਮੁੰਡੇ ਦੀ ਗੱਲ ਹੈ , ਚੰਗਾ ਭਲਾ ਹੱਸਦਾ ਖੇਡਦਾ ਗਿਆ ਪਤਾ ਨਹੀਂ ਕਿਹਦੀ ਨਜ਼ਰ ਲੱਗੀ ਚੰਦਰੇ ਨੂੰ ਕਹਿੰਦੇ ਜੈ ਖਣਿਆ ਦਾ ਨੀ ਹਜ਼ਾਮਤੀਆਂ ਦੇ ਘਰ ਖੇਡਦਾ ਖੇਡਦਾ ਕੱਚ ਦੇ ਗਲਾਸ ਦੇ ਜਾ ਡਿੱਗਾ। ਅੱਖ ਤੇ ਸੱਟ ਦੱਸਦਿਆ। ਭੈਣੇ ਸ਼ਹਿਰ ਲੈ ਕੇ ਗਏ। ਹੁਣੇ ਹੁਣੇ।ਹਏ ਹਏ ਨਾ ਨੀਂ ਭੈਣੇ ਕੁਸ਼ ਨਾ ਹੋਵੇ। ਨੀਂ ਇਹ ਤਾਂ ਦੇਖਿਆ ਵੀ ਮਸਾਂ ਭੈਣੇ, ਸੁੱਖਾਂ ਸੁੱਖ ਕੇ ਕਈ ਕੁੜੀਆਂ ਪਿੱਛੋਂ ਹੋਇਆ।ਓਧਰ ਗੁੜ ਖਾਣਿਆਂ ਦੇ ਘਰ ਪਤਾ ਲੈਣ ਵਾਲ਼ਿਆਂ ਦਾ ਤਾਂਤਾ ਲੱਗਿਆ ਹੋਇਆ ਸੀ। ਪਤਾ ਲੱਗਾ ਪਟਿਆਲੇ ਤੋਂ ਚੰਡੀਗੜ੍ਹ ਭੇਜ ਦਿੱਤਾ। ਜਿੰਨੇਂ ਮੂੰਹ ਉਨ੍ਹੀਆਂ ਗੱਲਾਂ।ਪਰ ਕਈ ਦਿਨਾਂ ਦੇ ਇਲਾਜ ਤੋਂ ਬਾਅਦ ਛੁੱਟੀ ਦਿੱਤੀ। ਪਰ ਦੁੱਖ ਦੀ ਗੱਲ ਇਹ ਸੀ ਕਿ ਇੱਕ ਅੱਖ ਤੋਂ ਆਹਜਾ ਹੋ ਗਿਆ। ਉਮਰ ਦੇ ਹਿਸਾਬ ਨਾਲ਼ ਵੱਡਾ ਹੋਣ ਤੇ ਡਾਕਟਰਾਂ ਦੇ ਕਹਿਣ ਮੁਤਾਬਕ ਪੱਥਰ ਦੀ ਅੱਖ ਪਵੇਗੀ। ਮਾਪਿਆਂ ਕੋਲ ਹੁਣ ਇੰਤਜ਼ਾਰ ਤੇ ਪਛਤਾਵੇ ਤੋਂ ਬਿਨਾਂ ਦੇ ਕੁਝ ਵੀ ਨਹੀਂ ਸੀ।ਸਬਰ ਦਾ ਘੁੱਟ ਭਰ ਕੇ ਰਹਿ ਗਏ।ਸਮਾਂ ਬੀਤਦਾ ਗਿਆ । ਉਮਰ ਦੇ ਲਿਹਾਜ਼ ਨਾਲ ਜਗ ਚਾਨਣ ਨੂੰ ਪੜ੍ਹਨ ਲਈ ਸਕੂਲ ਪਾਇਆ। ਸਕੂਲ ਵਿੱਚ ਜਗ ਚਾਨਣ ਬੜਾ ਹੁਸ਼ਿਆਰ ਤੇ ਹੋਣਹਾਰ ਨਿਕਲਿਆ ।ਭਾਵੇਂ ਕਿ ਇੱਕ ਅੱਖ ਤੋਂ ਦੇਖ ਨਹੀਂ ਸਕਦਾ ਫਿਰ ਵੀ ਉਹ ਪੜ੍ਹਨ ਦੇ ਵਿੱਚ ਬਾਕੀ ਬੱਚਿਆਂ ਤੋਂ ਹਮੇਸ਼ਾ ਅੱਗੇ ਰਹਿੰਦਾ ।ਸਾਰੇ ਅਧਿਆਪਕ ਉਸ ਦੀ ਬੜੀ ਪ੍ਰਸ਼ੰਸਾ ਕਰਦੇ ।

ਜਿੱਥੇ ਉਹ ਪੜ੍ਹਨ ਵਿੱਚ ਹੁਸ਼ਿਆਰ ਸੀ। ਉੱਥੇ ਹੀ ਥੋੜ੍ਹਾ ਸ਼ਰਾਰਤੀ ਵੀ ਸੀ। ਇੱਕ ਦਿਨ ਸਕੂਲ ਵਿੱਚ ਨਵੇਂ ਆਏ ਮੈਡਮ ਜੀ ਜੋ ਕਿ ਸੁਭਾਅ ਦੇ ਬੜੇ ਕੁਰਖ਼ੱਤ ਸਨ। ਜਗ ਚਾਨਣ ਦੀਆਂ ਸ਼ਰਾਰਤਾਂ ਤੋਂ ਤੰਗ ਆ ਕੇ ਇੱਕ ਦਿਨ ਉਸ ਨੂੰ ਖਿੱਝ ਕੇ ਪੈ ਗਈ।ਓਏ ਡੇਢ ਅੱਖਿਆ ਆਹ ! ਕੀ ਕਰੀ ਜਾਨਾ? ਲੱਗਦਾ ਤੇਰੀ ਵੀ ਇੱਕ ਰਗ ਵੱਧ ਹੈ। ਬੜਾ ਢੀਠ ਹੈ ।ਇਹ ਗੱਲ ਸੁਣ ਕੇ ਸਾਰੇ ਬੱਚਿਆਂ ਨੇ ਹਾਸੜ ਚੁੱਕ ਲਿਆ ਉਸ ਦਿਨ ਤੋਂ ਆਹ ਦਿਨ ਤੇ ਉਹ ਦਿਨ ਉਸ ਦਾ ਨਾਂ ਡੇਢ ਅੱਖਾ ਹੀ ਪੈ ਗਿਆ। ਸਕੂਲ ਦੇ ਸਾਰੇ ਵਿਦਿਆਰਥੀ ਹੀ ਉਸ ਨੂੰ ਹੁਣ ਡੇਢ ਅੱਖਾ ਕੇ ਹੀ ਬੁਲਾਉਂਦੇ। ਹੁਣ ਤਾਂ ਜਿਵੇਂ ਕਈ ਵਾਰ ਕੋਈ ਅਧਿਆਪਕ ਵੀ ਬੁਲਾਉਂਦਾ ਤਾਂ ਉਸ ਨੂੰ ਡੇਢ ਅੱਖਾ ਕੇ ਹੀ ਬੁਲਾਉਂਦਾ। ਜਗ ਚਾਨਣ ਨੂੰ ਇਹ ਗੱਲ ਬਹੁਤ ਬੁਰੀ ਲੱਗਦੀ। ਉਸ ਦਾ ਮਨ ਪੜ੍ਹਾਈ ਵਿੱਚ ਨਾ ਲੱਗਦਾ। ਜੋ ਹਰ ਵੇਲੇ ਆਪਣੇ ਉਸ ਕੱਜ ਨੂੰ ਭੁੱਲ ਕੇ ਹੱਸਦਾ ਖੇਡਦਾ ਰਹਿੰਦਾ ਸੀ ।ਉਹ ਹੁਣ ਉਦਾਸ ਰਹਿਣ ਲੱਗਾ ਤੇ ਪੜ੍ਹਾਈ ਵਿੱਚ ਵੀ ਬਾਕੀ ਬੱਚਿਆਂ ਨਾਲੋਂ ਪਛੜਣ ਲੱਗਾ। ਤਿਮਾਹੀ ਪੇਪਰਾਂ ਦੇ ਵਿੱਚ ਜਗ ਚਾਨਣ ਦੀ ਪੁਜੀਸ਼ਨ ਵੀ ਬਹੁਤ ਪਿੱਛੇ ਰਹਿ ਗਈ ।ਸਾਰੇ ਅਧਿਆਪਕ ਉਸਦੇ ਇਸ ਨਤੀਜੇ ਤੋਂ ਬੜੇ ਹੈਰਾਨ ਸਨ ।ਉਹਨਾਂ ਨੂੰ ਲੱਗਾ ਕਿ ਜਿਵੇਂ ਕੋਈ ਸਾਥੋਂ ਗਲਤੀ ਹੋ ਗਈ। ਜਾਂ ਫਿਰ ਸ਼ਾਇਦ ਜਗ ਚਾਨਣ ਹੁਣ ਪੜ੍ਹਾਈ ਵੱਲ ਧਿਆਨ ਨਹੀਂ ਦੇ ਰਿਹਾ। ਪਰ ਉਸਦੇ ਮਨ ਦੇ ਹਾਲਾਤ ਕਿਸੇ ਨੇ ਸਮਝਣ ਦੀ ਕੋਸ਼ਿਸ਼ ਨਾ ਕੀਤੀ। ਟੀਚਰ ਪੇਰੈਂਟਸ ਮੀਟਿੰਗ ਦੇ ਦੌਰਾਨ ਨਵੇਂ ਬਣੇ ਇੰਚਾਰਜ ਮੈਡਮ ਨੇ ਜਗ ਚਾਨਣ ਦੀਆਂ ਸ਼ਰਾਰਤਾਂ ਅਤੇ ਉਸਦੇ ਘੱਟ ਨੰਬਰਾਂ ਦੀ ਖੂਬ ਸ਼ਿਕਾਇਤ ਕੀਤੀ। ਇਹ ਸਭ ਸੁਣ ਕੇ ਜਗ ਚਾਨਣ ਦੀ ਮਾਂ ਨੂੰ ਬਹੁਤ ਦੁੱਖ ਹੋਇਆ।

ਘਰ ਵਿੱਚ ਲਿਜਾ ਕੇ ਉਸਨੇ ਜਗ ਚਾਨਣ ਨੂੰ ਕੋਲ ਬਹਾਇਆ ਤੇ ਪੁੱਛਿਆ ਕਿ ਪੁੱਤ ਤੂੰ ਤੇ ਹਰ ਸਾਲ ਫਸਟ ਆਉਂਦਾ ਸੀ। ਵਧੀਆ ਨੰਬਰ ਲੈ ਕੇ ਆਉਂਦਾ ਸੀ।ਫਿਰ ਹੁਣ ਕੀ ਹੋ ਗਿਆ? ਪਹਿਲਾਂ ਤਾਂ ਜਗ ਚਾਨਣ ਚੁੱਪ ਰਿਹਾ ਪਰ ਮਾਂ ਦੇ ਬਾਰ ਬਾਰ ਪੁੱਛਣ ਤੇ ਜਗ ਚਾਨਣ ਨੇ ਸਾਰੀ ਗੱਲ ਆਪਣੀ ਮਾਂ ਨਾਲ ਸਾਂਝੀ ਕੀਤੀ ।ਜਗ ਚਾਨਣ ਦੀ ਗੱਲ ਸੁਣ ਕੇ ਉਸ ਦੀ ਬੇਬੇ ਨੇ ਉਸ ਨੂੰ ਪਿਆਰ ਨਾਲ ਸਮਝਾਇਆ, ਕਿ ਪੁੱਤਰ ਆਪਣੇ ਕੋਹਜ਼ ਨੂੰ ਕਦੇ ਵੀ ਆਪਣੀ ਮੰਜ਼ਿਲ ਦੇ ਰਾਹ ਵਿੱਚ ਰੋੜਾ ਨਾ ਬਣਾਓ ,ਸਗੋਂ ਉਸ ਕੋਹਜ਼ ਨੂੰ ਲੁਕਾਉਣ ਦੇ ਲਈ ਹਮੇਸ਼ਾ ਆਪਣੇ ਅੰਦਰ ਦੇ ਗੁਣਾਂ ਨੂੰ ਉਜਾਗਰ ਕਰਕੇ ਕੇ ਮੰਜ਼ਿਲ ਵੱਲ ਵਧੋ ਤਾਂ ਕਿ ਲੋਕਾਂ ਨੂੰ ਤੁਹਾਡਾ ਕੋਹਜ਼ ਨਜ਼ਰ ਹੀ ਨਾ ਆਏ। ਇਸ ਗੱਲ ਨੇ ਜਗ ਚਾਨਣ ਦੇ ਮਨ ਤੇ ਬਹੁਤ ਡੂੰਘਾ ਅਸਰ ਕੀਤਾ।ਉਸ ਨੇ ਆਪਣੀ ਮਾਂ ਨਾਲ ਅੱਗੇ ਤੋਂ ਦਿਲ ਲਾ ਕੇ ਪੜ੍ਹਾਈ ਕਰਨ ਦਾ ਵਾਅਦਾ ਕੀਤਾ। ਮਾਂ ਦੀਆਂ ਗੱਲਾਂ ਦਾ ਜਗ ਚਾਨਣ ਦੇ ਮਨ ਉੱਪਰ ਅਜਿਹਾ ਅਸਰ ਹੋਇਆ ਕਿ ਉਸਨੇ ਮੈਡਮ ਜੀ ਦੀ ਡੇਢ ਅੱਖ ਵਾਲੀ ਗੱਲ ਨੂੰ ਦਰੋਂ ਕਿਨਾਰ ਕਰਦੇ ਹੋਏ ਆਪਣੀ ਪੜ੍ਹਾਈ ਵਿੱਚ ਧਿਆਨ ਦੇਣਾ ਸ਼ੁਰੂ ਕਰ ਦਿੱਤਾ, ਤੇ ਜਗ ਚਾਨਣ ਦੇ ਹੁਣ ਹੋਰ ਵੀ ਨੰਬਰ ਵਧੀਆ ਆਉਣ ਲੱਗੇ ।ਉਸ ਦੀ ਅਧਿਆਪਕਾ ਇਹ ਦੇਖ ਕੇ ਹੈਰਾਨ ਰਹਿ ਗਈ ।ਹੁਣ ਜਗ ਚਾਨਣ ਅੱਗੇ ਨਾਲੋਂ ਵੀ ਵੱਧ ਨੰਬਰ ਲੈ ਕੇ ਸਾਰੀ ਕਲਾਸ ਵਿੱਚੋਂ ਫਸਟ ਆਉਂਦਾ ਤੇ ਉਹਦਾ ਕੋਹਜ਼ ਉਸ ਦੀ ਕਮਜੋਰੀ ਨਾ ਬਣ ਕੇ ਉਸ ਲਈ ਇੱਕ ਹਥਿਆਰ ਤੇ ਹੱਲਾ ਸ਼ੇਰੀ ਬਣ ਗਿਆ।ਉਸਨੇ ਇਸ ਕਮਜ਼ੋਰੀ ਨੂੰ ਕਦੇ ਆਪਣੇ ਤੇ ਹਾਵੀ ਹੀ ਨਾ ਹੋਣ ਦਿੱਤਾ। ਹਮੇਸ਼ਾ ਪੜ੍ਹਾਈ ਦੇ ਵਿੱਚ ਸਾਰਿਆਂ ਤੋਂ ਅੱਗੇ ਹੀ ਰਿਹਾ।

ਸਕੂਲ, ਕਾਲਜ, ਯੂਨੀਵਰਸਿਟੀ ਕਿਹੜੀ ਕਲਾਸ ਹੈ, ਜਿਸ ਦੇ ਵਿੱਚ ਫਸਟ ਨਹੀਂ ਆਇਆ। ਕਿਹੜਾ ਮੁਕਾਬਲਾ ਹੈ ,ਜੋ ਉਸ ਨੇ ਨਹੀਂ ਜਿੱਤਿਆ। ਕਿਹੜਾ ਮੁਕਾਮ ਜੋ ਹਾਸਲ ਨਹੀਂ ਕੀਤਾ।ਹਰ ਪਾਸੇ ਧੁੰਮ ਸੀ। ਹੁਣ ਉਹ ਨਾਂ ਦਾ ਹੀ ਜਗ ਚਾਨਣ ਨਹੀਂ ਸੀ, ਸਗੋਂ ਸਮਾਜ ਲਈ ਵੀ ਚਾਨਣ ਮੁਨਾਰਾ ਬਣ ਗਿਆ ਸੀ।ਭਾਵੇਂ ਹੁਣ ਗੁੜ ਖਾਣਿਆਂ ਦੀ ਅੱਲ ਤੋਂ ਡੇਢ ਅੱਖਿਆਂ ਦੇ ਵੱਜਣ ਲੱਗ ਪਏ ਸਨ। ਪਰ ਇਸ ਡੇਢ ਅੱਖੇ ਨੇ ਪਤਾ ਨਹੀਂ ਕਿੰਨੇ ਕੁ ਬੱਚਿਆਂ ਨੂੰ ਗਿਆਨ ਦੀਆਂ ਅੱਖਾਂ ਦੇ ਕਿ ਚੰਗੇ ਅਹੁਦਿਆਂ ਤੇ ਬੈਠਣ ਯੋਗ ਬਣਾ ਦਿੱਤਾ।ਹਰ ਪਾਸੇ ਇਸ ਦੀ ਪ੍ਰਸੰਸਾ ਸੀ। ਅੱਜ ਮਿਲੇ ਰਾਸ਼ਟਰਪਤੀ ਅਵਾਰਡ ਨੇ ਤਾਂ ਜਿਵੇਂ ਸੋਨੇ ਤੇ ਸੁਹਾਗੇ ਵਾਲ਼ੀ ਗੱਲ ਕੀਤੀ।ਜਿਸ ਦੇ ਨਾਲ ਅੱਜ ਡੇਢ ਅੱਖੇ ਤੋਂ "ਬਿਲਡਰ ਆਫ਼ ਨੇਸ਼ਨ "ਦੀ ਅੱਲ ਪੈ ਗਈ। ਅੱਗੇ ਤਾਂ ਸੁਣਿਆ ਸੀ ਕਿ ਮਾਇਆ ਤੇਰੇ ਤਿੰਨ ਨਾਮ ਪਰ ਅੱਜ ਲੱਗਾ ਜਿਵੇਂ ਵਿੱਦਿਆ/ਗਿਆਨ ਤੇਰੇ ਤਿੰਨ ਨਾਮ ਹੋ ਗਏ ਹੋਣ।ਹਰ ਕੋਈ ਆਪਮੁਹਾਰੇ ਹੀ ਜਗ ਚਾਨਣ ਦੇ ਖਿਲਾਰੇ ਚਾਨਣ ਦੀ ਛਿੱਟ ਦੀ ਗੱਲ ਛੇੜ ਬੈਠਦਾ।ਜਿਸ ਨੇ ਆਪਣੇ ਗਿਆਨ ਦੀ ਤਾਲੀਮ ਸਦਕਾ ਸਾਰਾ ਪਿੰਡ ਪਾੜ੍ਹਿਆਂ ਦਾ ਬੱਝਣ ਲਾ ਦਿੱਤਾ।